੦੪੨

ਸ਼ਬਦ ਸੁਰਤ

(ਲੇਖਕ: ਬਲਵਿੰਦਰ ਸਿੰਘ)

ਸ਼ਬਦ ਤੇ ਸੁਰਤ ਦਾ ਰਿਸ਼ਤਾ ਗੁਰੂ ਤੇ ਚੇਲੇ ਵਾਲਾ ਹੈ। ਜਿਸ ਤਰ੍ਹਾਂ ਸੁਘੜ ਸਿਆਣਾ ਚੇਲਾ ਗੁਰੂ ਦਾ ਅਨੁਸਰਣ ਕਰਦਾ ਹੈ, ਉਸ ਦੀ ਆਗਿਆ ਵਿੱਚ ਰਹਿ ਕੇ ਉਸ ਦਾ ਪਾਲਣ ਕਰਦਾ ਹੈ, ਬਿਲਕੁੱਲ ਇਸੇ ਤਰ੍ਹਾਂ ਸੁਰਤ ਸ਼ਬਦ ਦਾ ਅਨੁਸਰਣ ਕਰਦੀ ਹੈ। ਜਦੋਂ ਸੁਰਤ ਅਜਿਹਾ ਨਹੀਂ ਕਰ ਰਹੀ ਹੁੰਦੀ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਜਿਨ੍ਹਾਂ ਪੌੜੀਆਂ ਤੋਂ ਚੜ੍ਹ ਕੇ, ਸੁਰਤ ਨੇ ਮਜ਼ਬੂਤ ਹੋ ਕੇ ਸ਼ਬਦ ਨੂੰ ਸਿਆਨਣਾ ਸੀ, ਅਜੇ ਉਨ੍ਹਾਂ ਪੌੜੀਆਂ ਤੇ ਬਹੁਤ ਤਿਲਕਣ ਹੈ। ਜਗਿਆਸੂ ਬੁੱਧੀ ਵਾਲੀ ਪੌੜੀ ਤੇ ਕਿਤੇ ਅਟਕ ਜਾਂ ਫਿਸਲ ਗਿਆ ਹੈ। ਮਨ ਦੇ ਚੰਚਲਤਾ ਵਾਲੇ ਸੁਭਾਅ ਤੋਂ ਅਜੇ ਮੁਕਤ ਨਹੀਂ ਹੋਇਆ। ਮੱਤ ਦਾ ਅਹਿਰਨ ਬਣਾ ਕੇ ਗੁਰੂ ਗਿਆਨ ਰੂਪੀ ਸੁਚੱਜੀ ਹਥੌੜੀ ਦੀ ਨਿੰਮ੍ਹੀ-ਨਿੰਮ੍ਹੀ ਚੋਟ ਨਹੀਂ ਪਈ ਤੇ ਮਤ ਦੀ ਘਾੜਤ ਘੜਨੋਂ ਰਹਿ ਗਈ ਹੈ। ਗੁਰੂ ਕ੍ਰਿਪਾ ਨਾਲ ਸਾਰੇ ਪੜਾਅ ਸਫ਼ਲਤਾ ਸਹਿਤ ਜੇ ਤਹਿ ਹੋ ਗਏ ਹਨ ਤਾਂ ਸੁਰਤ ਸ਼ਬਦ ਵੱਲ ਚਾਅ ਤੇ ਉਮਾਹ ਨਾਲ ਅਗਰਸਰ ਹੋਣ ਦਾ ਉੱਦਮ ਕਰੇਗੀ।

ਗੁਰੂ ਨਾਨਕ ਪਿਤਾ ਨੇ ਨਿਰੰਜਨ ਨਾਮ ਨੂੰ ਜਾਣਿਆ ਅਤੇ ਪ੍ਰੇਮ ਨਾਲ ਲਿਵ ਜੋੜ ਕੇ ਭਗਤੀ ਕੀਤੀ। ਸਹੁ ਸਮੁੰਦਰ ਰੂਪੀ ਗੁਰੂ ਨਾਨਕ ਨੇ ਇਹ ਭਗਤ ਭੰਡਾਰਾ ਗੁਰੂ ਅੰਗਦ ਨੂੰ ਦਿੱਤਾ ਅਤੇ ਉਨ੍ਹਾਂ ਨੇ ਸ਼ਬਦ ਸੁਰਤ ਦੀ ਨੀਂਹ ਰੱਖ ਦਿੱਤੀ, ਜਿਸ ਤੇ ਗੁਰਮਤਿ ਦਾ ਮਜ਼ਬੂਤ ਮਹੱਲ ਉਸਰਿਆ।

ਨਾਨਕਿ ਨਾਮੁ ਨਿਰੰਜਨ ਜਾਨ੍ਹਉ ਕੀਨੀ ਭਗਤਿ ਪ੍ਰੇਮ ਲਿਵ ਲਾਈ॥
ਤਾ ਤੇ ਅੰਗਦੁ ਅੰਗ ਸੰਗਿ ਭਯੋ ਸਾਇਰੁ ਤਿਨਿ ਸਬਦ ਸੁਰਤਿ ਕੀ ਨੀਵ ਰਖਾਈ॥ (੧੪੦੬)

ਜਿਸ ਤਰ੍ਹਾਂ ਲਹਿਣਾ ਜੀ ਵਰਗੇ ਸੁਰਤ ਰੂਪ ਚੇਲੇ ਨੇ ਗੁਰੂ ਨਾਨਕ ਦੇਵ ਜੀ ਵਰਗੇ ਸ਼ਬਦ ਰੂਪ ਨੂੰ ਪਾਇਆ ਅਤੇ ਉਹ ਗੁਰੂ ਨਾਨਕ ਰੂਪ ਹੀ ਹੋ ਗਏ। ਇਸੇ ਪ੍ਰਕਾਰ ਸੁਰਤ ਰੂਪੀ ਚੇਲੇ ਨੇ ਸ਼ਬਦ ਰੂਪੀ ਗੁਰੂ ਨੂੰ ਪ੍ਰਾਪਤ ਕਰਨਾ ਹੈ। ਸੁਰਤ, ਸ਼ਬਦ ਨਾਲ ਜੋੜਨ ਤੇ ਸ਼ਬਦ ਰੂਪ ਹੀ ਹੋ ਜਾਂਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਰਾਮਕਲੀ ਰਾਗ ਦੀ ਬਾਣੀ "ਸਿਧ ਗੋਸਟਿ" ਵਿੱਚ ਇਸ ਮਹਾਨ ਸਿਧਾਂਤ ਦਾ ਨਿਰਣਾ ਕਰਦੇ ਹਨ। ਜੋਗੀਆਂ ਦਾ ਸੁਭਾਅ ਹੈ ਕਿ ਉਹ ਦੇਖਦੇ ਹਨ ਕਿ ਅਮਕੇ ਜੋਗੀ ਦਾ ਕਿਹੜਾ ਪੰਥ ਹੈ, ਉਸ ਦਾ ਮੁੱਢ ਕੌਣ ਹੈ ਤੇ ਗੁਰੂ ਕੌਣ। ਇਹੀ ਪ੍ਰਸ਼ਨ ਜਦ ਗੁਰੂ ਨਾਨਕ ਦੇਵ ਜੀ ਤੇ ਹੋਇਆ ਕਿ ਹੇ ਬਾਲਕ! ਤੂੰ ਦੱਸ ਤੇਰਾ ਗੁਰੂ ਕੌਣ ਹੈ ਤੇ ਤੂੰ ਕਿਸ ਦਾ ਚੇਲਾ ਹੈਂ? ਤਾਂ ਗੁਰੂ ਜੀ ਦਾ ਉੱਤਰ ਸੀ:

ਪਵਨ ਅਰੰਭੁ ਸਤਿਗੁਰ ਮਤਿ ਵੇਲਾ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ॥
ਅਕਥ ਕਥਾ ਲੇ ਰਹਉ ਨਿਰਾਲਾ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ॥ (੯੪੩)

ਪਵਨ, ਹਵਾ ਜਾਂ ਪ੍ਰਾਣਦਾਤੀ ਹਵਾ ਗੁਰੂ ਹੈ। ਇਹੀ ਮੁੱਢ ਹੈ ਤੇ ਇਹੀ ਮੂਲ। ਇਹ ਪ੍ਰਤੀਕ ਹੈ। ਐਸਾ ਨਹੀਂ ਕਿ ਪਵਨ ਦੀ ਪੂਜਾ ਕਰਨੀ ਸ਼ੁਰੂ ਕਰ ਦੇਈਏ। ਜਿਸ ਤਰ੍ਹਾਂ ਪਵਨ ਕਾਰਨ ਮਨੁੱਖ ਜੀਵਤ ਹੈ, ਇਸੇ ਹੀ ਤਰ੍ਹਾਂ ਜਗਤ-ਗੁਰੂ ਅਕਾਲ ਪੁਰਖ ਕਾਰਨ ਸਾਡੀ ਹੋਂਦ ਹੈ। ਬਿਲਕੁੱਲ ਐਸੀ ਹੀ ਭਾਵਨਾ ਜਪੁਜੀ ਸਾਹਿਬ ਦੇ ਅੰਤਲੇ ਸਲੋਕ ਅੰਦਰ ਦਿੱਤੀ ਗਈ ਹੈ। **"ਪਵਣ ਗੁਰੂ ਪਾਣੀ ਪਿਤਾ"**..... ਪਵਨ ਅਦ੍ਰਿਸ਼ ਹੈ ਪਰ ਉਸੇ ਹੀ ਕਾਰਨ ਮਨੁੱਖ ਦੀ ਜ਼ਿੰਦ ਜਾਨ ਹੈ, ਜਹਾਨ ਹੈ ਅਤੇ ਪਵਨ ਹੀ ਬੋਲਦੀ ਹੈ। ਭਾਵ ਕਿ ਅਦ੍ਰਿਸ਼ ਨਿਰੰਕਾਰ ਗੁਰੂ, ਅਕਾਲ ਪੁਰਖ ਤੋਂ ਸਾਰੇ ਬ੍ਰਹਿਮੰਡ ਦੀ ਹੋਂਦ ਹੈ। ਉਹੀ ਮ੍ਰਿਗ ਮੀਨ ਤੇ ਮੋਰ ਆਦਿ ਵਿੱਚ ਬੋਲ ਰਿਹਾ ਹੈ। ਮਨੁੱਖ ਦੇ ਅੰਦਰ ਜੋ ਸੁਰਤ ਹੈ, ਉਸਨੇ ਜਗਤ ਦੇ ਮੂਲ ਗੁਰੂ ਅਕਾਲ ਪੁਰਖ ਨੂੰ ਪਹਿਚਾਨਣਾ ਤੇ ਪ੍ਰਾਪਤ ਕਰਨਾ ਹੈ। ਅਕਾਲ ਪੁਰਖ ਸ਼ਬਦ ਗੁਰੂ ਵੀ ਹੈ ਤੇ ਸੁਰਤ ਚੇਲਾ ਵੀ ਹੈ, ਤੇ ਸੱਚ ਹੀ ਰਵ੍ਹੇਗਾ।

ਆਦਿ ਅੰਤਿ ਏਕੈ ਅਵਤਾਰਾ॥ ਸੋਈ ਗੁਰੂ ਸਮਝਿਯਹੁ ਹਮਾਰਾ॥ (ਕਬਿਯੋ ਬਾਚ ਬੇਨਤੀ ਚੌਪਈ)

ਸੁਧਰੀ ਹੋਈ ਸੁਘੜ ਸੁਦ੍ਰਿੜ੍ਹ ਸੁਰਤ ਸ਼ਬਦ ਨੂੰ ਪ੍ਰਾਪਤ ਕਰੇ, ਇਹੀ ਜੀਵਨ ਦਾ ਮੂਲ ਹੈ।